# ਮਾਡਲ ਪ੍ਰਸ਼ਨ ਪੱਤਰ - ਕੰਪਿਊਟਰ ਸਾਇੰਸ

## ਸ਼੍ਰੇਣੀ 12ਵੀਂ

**ਸੈਸ਼ਨ: 2023-24**

(ਵਿਲੱਖਣ ਸਮਰਥਾ ਵਾਲੇ ਵਿਦਿਆਰਥੀਆਂ ਲਈ)

**ਸਮਾਂ: 2 ਘੰਟੇ** **ਕੁੱਲ ਅੰਕ: 50 ਅੰਕ**

**ਨੋਟ:**

1. ਪ੍ਰਸ਼ਨ ਪੱਤਰ ਤਿੰਨ੍ਹ ਭਾਗਾਂ (ਭਾਗ ੳ, ਭਾਗ ਅ ਅਤੇ ਭਾਗ ੲ) ਵਿਚ ਵੰਡਿਆ ਹੋਵੇਗਾ।
2. **ਭਾਗ-ੳ** ਵਿਚ ਪ੍ਰਸ਼ਨ ਨੰ 1 ਵਿਚ 15 ਪ੍ਰਸ਼ਨ ਤੱਕ 2-2 ਅੰਕਾਂ ਵਾਲੇ 15 ਪ੍ਰਸ਼ਨ ਹੋਣਗੇ, ਜਿਸ ਵਿਚ 8 ਪ੍ਰਸ਼ਨ ਬਹੁ-ਵਿਕਲਪੀ ਉੱਤਰਾਂ ਵਾਲੇ ਅਤੇ 7 ਪ੍ਰਸ਼ਨ ਖਾਲੀ ਥਾਵਾਂ/ਪੂਰੇ ਰੂਪ/ਸਹੀ-ਗਲਤ/ਸ਼ਾਰਟਕੱਟ ਕੀਅਜ਼ ਵਾਲੇ ਹੋਣਗੇ।
3. **ਭਾਗ-ਅ** ਵਿਚ ਪ੍ਰਸ਼ਨ ਨੰਬਰ 16 ਤੋਂ 23 ਤੱਕ 3-3 ਅੰਕਾਂ ਦੇ 8 ਪ੍ਰਸ਼ਨ ਹੋਣਗੇ, ਜਿਹਨਾਂ ਵਿਚੋਂ ਕੋਈ 4 ਪ੍ਰਸ਼ਨ ਹੱਲ ਕਰਨੇ ਹੋਣਗੇ।
4. **ਭਾਗ-ੲ** ਵਿਚ ਪ੍ਰਸ਼ਨ ਨੰਬਰ 24 ਤੋਂ 27 ਤੱਕ 4-4 ਅੰਕਾਂ ਦੇ 4 ਪ੍ਰਸ਼ਨ ਹੋਣਗੇ, ਜਿਹਨਾਂ ਵਿਚੋਂ ਕੋਈ 2 ਪ੍ਰਸ਼ਨ ਹੱਲ ਕਰਨੇ ਹੋਣਗੇ।

## ਭਾਗ-ੳ

**ਪ੍ਰਸ਼ਨ:1** ਸਪੈਲਿੰਗ ਅਤੇ ਗਰਾਮਰ ਦੀ ਜਾਂਚ ਕਰਨ ਲਈ ______________ ਕੀਅ ਵਰਤੀ ਜਾਂਦੀ ਹੈ । **2**

ੳ. ਕੰਟਰੋਲ + F7
ਅ. ਅਲਟਰ + F7
ੲ. F7
ਸ. ਸ਼ਿਫਟ + F7

**ਪ੍ਰਸ਼ਨ:2** ਹੇਠ ਲਿਖਿਆਂ ਵਿਚੋਂ ਕਿਹੜੀ ਸਟੇਟਮੈਂਟ ਨੂੰ ਕੰਡੀਸ਼ਨਲ ਸਟੇਟਮੈਂਟ ਕਿਹਾ ਜਾਂਦਾ ਹੈ? **2**

ੳ. for
ਅ. break
ੲ. if
ਸ. while

**ਪ੍ਰਸ਼ਨ:3** _______ ਇੱਕ 2 ਪੋਰਟ ਉਪਕਰਣ ਹੈ। **2**

ੳ. ਹੱਬ
ਅ. ਸਵਿਚ
ੲ. ਰਾਊਟਰ
ਸ. ਬ੍ਰਿਜ

**ਪ੍ਰਸ਼ਨ:4** ਐਂਡਰਾਇਡ ਅਪਰੇਟਿੰਗ ਸਿਸਟਮ ਇੱਕ__________ਆਪਰੇਟਿੰਗ ਸਿਸਟਮ ਹੈ । **2**

ੳ. ਕੰਪਿਊਟਰ
ਅ. ਮੋਬਾਇਲ
ੲ. ਤਕਨੀਕ
ਸ. ਵਰਚੁਅਲ-ਰਿਐਲਟੀ

**ਪ੍ਰਸ਼ਨ:5** ___________ ਨਕਦੀ ਰਹਿਤ ਭੁਗਤਾਨ ਦਾ ਅਸਾਨ ਅਤੇ ਤੇਜ਼ ਤਰੀਕਾ ਹੈ। **2**

ੳ. ਡਿਜੀਟਲਾਈਜ਼ੇਸ਼ਨ
ਅ. ਸਟੋਰੇਜ਼
ੲ. ਆਫਲਾਈਨ
ਸ. ਡਿਜੀਟਲ ਪੈਮੇਂਟ

**ਪ੍ਰਸ਼ਨ:6** ___________ ਤੋਂ ਭਾਵ ਇੰਟਰਨੈੱਟ ਰਾਹੀਂ ਵਸਤਾਂ ਨੂੰ ਖਰੀਦਣਾ ਜਾਂ ਵੇਚਣਾ ਹੈ। **2**

ੳ. ਈ-ਕਾਮਰਸ
ਅ. ਡਿਜੀਲੌਕਰ
ੲ. ਡਿਜੀਟਲ ਪੈਮੇਂਟ
ਸ. ਕੋਈ ਨਹੀਂ

ਪ੍ਰਸ਼ਨ:7 ਈ-ਗਵਰਨੈਂਸ ਦੀਆਂ ਸੇਵਾਵਾਂ ਅਤੇ ਸੁਵਿਧਾਵਾਂ ਦਾ ਆਧੁਨਿਕ ਰੂਪ _______ ਹੈ । 2
ੳ. ਈ-ਬਿਜ਼ਨਸ
ਅ. ਈ-ਕਾਮਰਸ
ੲ. ਈ-ਸਰਵਿਸਿਜ਼
ਸ. ਸਮਾਰਟ ਗਵਰਨੈਂਸ

ਪ੍ਰਸ਼ਨ:8 ਵੀਡਿਓ ਨੂੰ ਭਾਗਾਂ ਵਿਚ ਵੰਡਣ ਦੀ ਪ੍ਰਕਿਰਿਆ ਨੂੰ ________ ਕਿਹਾ ਜਾਂਦਾ ਹੈ। 2
ੳ. ਮਰਜ਼ਿੰਗ
ਅ. ਸਪਲਿਟਿੰਗ
ੲ. ਕੰਪਰੈਸਿੰਗ
ਸ. ਡੀਕੰਪਰੈਸਿੰਗ

ਪ੍ਰਸ਼ਨ:9 ਫਿਲਟਰ ਵਿਕਲਪ ਐਕਸਲ ਦੀ ___________ ਟੈਬ ਵਿੱਚ ਉਪਲਬਧ ਹੈ । 2

ਪ੍ਰਸ਼ਨ:10 __________ ਲੂਪ ਵਿਚ ਕੰਟਰੋਲ ਕੰਡੀਸ਼ਨ ਨੂੰ ਲੂਪ ਦੀ ਬਾਡੀ ਤੋਂ ਪਹਿਲਾਂ ਟੈਸਟ ਕੀਤਾ ਜਾਂਦਾ ਹੈ। 2

ਪ੍ਰਸ਼ਨ:11 _________ ਮਸ਼ੀਨਾਂ ਦੀ ਕੋਈ ਮੈਮਰੀ ਨਹੀਂ ਹੁੰਦੀ। 2

ਪ੍ਰਸ਼ਨ:12 ________ਭਾਰਤੀ ਨਾਗਰਿਕਾਂ ਨੂੰ ਵਿਲੱਖਣ ਪਹਿਚਾਣ ਦਿੰਦਾ ਹੈ । 2

ਪ੍ਰਸ਼ਨ:13 Layers ਨੂੰ ਮੂਵ ਕਰਨ ਲਈ ________ ਟੂਲ ਵਰਤਿਆ ਜਾਂਦਾ ਹੈ। 2

ਪ੍ਰਸ਼ਨ:14 GPS ਦਾ ਪੂਰਾ ਨਾਂ ਕੀ ਹੈ? 2

ਪ੍ਰਸ਼ਨ:15 ਵੀਡਿਓ ਮਰਜ਼ ਕਰਨ ਤੋਂ ਭਾਵ ਕਲਿਪ ਨੂੰ ਕਈ ਹਿੱਸਿਆਂ ਵਿਚ ਵੰਡਣਾ ਹੁੰਦਾ ਹੈ। (ਸਹੀ/ਗਲਤ) 2

## ਭਾਗ-ਅ (ਇਸ ਭਾਗ ਵਿਚੋਂ ਕੋਈ 4 ਪ੍ਰਸ਼ਨ ਹੱਲ ਕਰੋ)

ਪ੍ਰਸ਼ਨ:16 ਐਮ. ਐਸ. ਐਕਸਲ ਵਿਚ ਫਾਰਮੂਲੇ ਕੀ ਹਨ? 3

ਪ੍ਰਸ਼ਨ:17 ਮਾਰਜਨਜ਼ ਕੀ ਹਨ? 3

ਪ੍ਰਸ਼ਨ:18 ਲੂਪਿੰਗ ਕੀ ਹੈ? ਤਿੰਨ੍ਹ ਵੱਖ-ਵੱਖ ਕਿਸਮਾਂ ਦੀਆਂ ਲੂਪਿੰਗ ਸਟੇਟਮੈਂਟਸ ਦੇ ਨਾਂ ਲਿਖੋ। 3

ਪ੍ਰਸ਼ਨ:19 ਇੰਨਫਰਮੇਸ਼ਨ ਟੈਕਨੋਲੋਜੀ ਵਿੱਚ ਮੌਜੂਦਾ ਚਾਰ ਰੁਝਾਨਾਂ ਦੇ ਨਾਮ ਦੱਸੋ? 3

ਪ੍ਰਸ਼ਨ:20 ਜੀ. ਪੀ. ਐਸ. (GPS) ਟੈਕਨੋਲੋਜੀ ਕੀ ਹੈ? 3

ਪ੍ਰਸ਼ਨ:21 ਆਰਟੀਫਿਸ਼ੀਅਲ ਇੰਟੈਲੀਜੈਂਸ ਕੀ ਹੈ? 3

ਪ੍ਰਸ਼ਨ:22 ਨੈਟ ਬੈਕਿੰਗ ਬਾਰੇ ਜਾਣਕਾਰੀ ਦਿਓ। 3

ਪ੍ਰਸ਼ਨ:23 ਈ-ਕਾਮਰਸ ਤੋਂ ਤੁਸੀਂ ਕੀ ਸਮਝਦੇ ਹੋ? 3

## ਭਾਗ-ੲ (ਇਸ ਭਾਗ ਵਿਚੋਂ ਕੋਈ 2 ਪ੍ਰਸ਼ਨ ਹੱਲ ਕਰੋ)

ਪ੍ਰਸ਼ਨ:24 ਨੈਟਵਰਕ ਯੰਤਰ ਕੀ ਹਨ? ਕਿਸੇ ਵੀ ਤਿੰਨ ਨੈਟਵਰਕ ਯੰਤਰਾਂ ਦਾ ਵਰਨਣ ਕਰੋ। 4

ਪ੍ਰਸ਼ਨ:25 ਸੰਚਾਰ ਮੋਡ ਕੀ ਹੈ? ਇਸ ਦੀਆਂ ਕਿਸਮਾਂ ਨੂੰ ਪਰਿਭਾਸ਼ਤ ਕਰੋ। 4

ਪ੍ਰਸ਼ਨ:26 ਈ-ਗਵਰਨੈਂਸ ਦੇ ਲਾਭ ਅਤੇ ਹਾਨੀਆਂ ਕੀ ਹਨ? 4

ਪ੍ਰਸ਼ਨ:27 ਆਧਾਰ ਕੀ ਹੈ? ਇਸਦੀਆਂ ਵਿਸ਼ੇਸਤਾਵਾਂ ਦੀ ਵਿਆਖਿਆ ਕਰੋ? 4